# ਨਵੇਂ ਹਾਲਾਤ, ਨਵੇਂ ਰਿਸ਼ਤੇ ਅਤੇ ਸਿਆਸੀ ਪਾਰਟੀਆਂ

ਪੁਰਾਣੇ ਆਰਥਕ ਅਤੇ ਸਮਾਜੀ ਰਿਸ਼ਤਿਆਂ ਨੂੰ ਖ਼ਤਮ ਕਰਕੇ ਪਹਿਲਾਂ ਬਸਤੀਵਾਦੀਆਂ ਅਤੇ ਫੇਰ ਦੇਸੀ ਹਾਕਮ ਟੋਲੇ ਨੇ ਆਪਣੇ ਮੁਨਾਫ਼ਿਆਂ ਲਈ ਨਿਜੀ ਮਾਲਕੀ, ਮੁਕਾਬਲਾ ਤੇ ਹਸਦ-ਹਿਰਸ ਦੇ ਆਧਾਰ ਤੇ ਨਵੇਂ ਰਿਸ਼ਤੇ ਕਾਇਮ ਕੀਤੇ। ਪਿਛਲੇ ਕੁਝ ਦਹਾਕਿਆਂ ਵਿਚ ਰਿਆਸਤ ਅਤੇ ਹੋਰ ਸਰਕਾਰੀ ਅਦਾਰਿਆਂ ਦੀ ਮਦਦ ਨਾਲ ਇਨ੍ਹਾਂ ਨੂੰ ਬਹੁਤ ਹੀ ਤੇਜ਼ ਰਫ਼ਤਾਰ ਨਾਲ ਅੱਗੇ ਵਧਾਇਆ ਗਿਆ ਹੈ।

ਇਨ੍ਹਾਂ ਨਵੇਂ ਹਾਲਾਤ ਅਤੇ ਰਿਸ਼ਤਿਆਂ ਨਾਲ ਹੀ ਸਿਆਸੀ ਪਾਰਟੀਆਂ ਵੀ ਪੈਦਾ ਹੋਈਆਂ। ਸਿਆਸੀ ਪਾਰਟੀਆਂ ਹਾਕਮ ਟੋਲੇ ਦੇ ਧੜਿਆਂ ਦੀਆਂ ਅਜੇਹੀਆਂ ਜਥੇਬੰਦੀਆਂ ਸਨ ਜੋ ਖ਼ੂਨ, ਕਬੀਲੇ, ਜ਼ਾਤ, ਧਰਮ ਅਤੇ ਇਲਾਕੇ ਤੋਂ ਉਪਰ ਉੱਠ ਕੇ ਹਾਕਮ ਮੇਲ ਦੇ ਧੜਿਆਂ ਦੇ ਸਾਂਝੇ ਮੁਫ਼ਾਦ ਅਤੇ ਸਾਂਝੇ ਹਿਤਾਂ ਦੀ ਰਾਖੀ ਕਰਨ ਲਈ ਬਣਾਈਆਂ ਗਈਆਂ। ਭਾਵੇਂ ਇਹ ਪਾਰਟੀਆਂ ਇਕ ਜਮਾਤੀ ਸਾਂਝ ਦੀ ਬੁਨਿਆਦ ਤੇ ਬਣੀਆਂ ਸੀ ਪਰ ਆਪੋ ਆਪਣੇ ਮੁਨਾਫ਼ਿਆਂ ਲਈ ਇਨ੍ਹਾਂ ਨੇ ਲੋਕਾਂ ਦੇ ਖ਼ਿਲਾਫ਼ ਵੀ ਅਤੇ ਆਪਸ ਵਿਚ ਇਕ ਦੂਜੇ ਦੇ ਖ਼ਿਲਾਫ਼ ਵੀ, ਜ਼ਾਤ, ਕਬੀਲਾ, ਧਰਮ ਅਤੇ ਬੋਲੀ ਨੂੰ ਵਰਤਣ ਵਿਚ ਵੀ ਕੋਈ ਗੁਰੇਜ਼ ਨਹੀਂ ਕੀਤਾ ਅਤੇ ਨਾ ਹੀ ਹੁਣ ਕਰਦੀਆਂ ਹਨ।

ਬਸਤੀਵਾਦੀ ਦੌਰ ਵਿਚ ਜਦੋਂ ਹਿੰਦੁਸਤਾਨ ਦੇ ਲੋਕ ਆਜ਼ਾਦੀ ਲਈ ਹਥਿਆਰਬੰਦ ਘੋਲ ਚਲਾ ਰਹੇ ਸੀ ਉਸ ਸਮੇਂ ਇਨ੍ਹਾਂ ਦਾ ਖਾਸਾ ਆਪਣੇ ਜਮਾਤੀ ਹਿਤਾਂ ਲਈ ਅੰਗਰੇਜ਼ਾਂ ਤੋਂ ਕੁਝ ਸਹੂਲਤਾਂ ਲੈ ਕੇ ਉਨ੍ਹਾਂ ਨਾਲ ਪੰਜਾਬ ਅਤੇ ਹਿੰਦੁਸਤਾਨ ਦੀ ਲੁੱਟ ਵਿਚੋਂ ਆਪਣਾ ਹਿੱਸਾ ਲੈਣਾ ਸੀ ਅਤੇ ਅੰਗਰੇਜ਼ ਖ਼ਿਲਾਫ਼ ਚਲ ਰਹੇ ਲੋਕਾਂ ਦੇ ਘੋਲ ਨੂੰ ਆਪਣੇ ਮੁਫ਼ਾਦ ਲਈ ਵਰਤਣਾ ਸੀ। ਕਾਂਗਰਸ ਦੀ ਸਥਾਪਨਾ ਉਕਟੇਵਿਅਸ ਹਿਊਮ ਨੇ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਦੀਆਂ ਮੰਗਾਂ ਬਾਰੇ ਚਰਚਾ ਕਰਨ ਲਈ ਅਤੇ ਬਸਤੀਵਾਦ ਖ਼ਿਲਾਫ਼ ਜੱਦੋ-ਜਹਿਦ ਨੂੰ ਕੁਰਾਹੇ ਪਾਉਣ ਲਈ ਕੀਤੀ ਸੀ। ਇਸ ਲਈ ਕਾਂਗਰਸ ਦੀ ਅਗਵਾਈ ਹਮੇਸ਼ਾ ਹੀ ਦੇਸੀ ਹਾਕਮ ਟੋਲੇ ਦੇ ਨੁਮਾਇੰਦਿਆਂ ਦੇ ਹੱਥ ਵਿਚ ਰਹੀ ਅਤੇ ਕਾਂਗਰਸ ਨੇ ਅੰਗ੍ਰੇਜ਼ੀ ਰਾਜ ਦੀ ਵਫ਼ਾਦਾਰੀ ਦਾ ਝੰਡਾ ਚੁੱਕੀ ਰੱਖਿਆ। ਅੰਗਰੇਜ਼ਾਂ ਦੀ ਛਤਰ-ਛਾਇਆ ਹੇਠ ਹੀ ਕਾਂਗਰਸ ਨੇ ਦੇਸੀ ਹਾਕਮ ਟੋਲੇ ਨੂੰ ਆਰਥਕ ਅਤੇ ਸਿਆਸੀ ਹਿੱਸਾ ਦੇਣ ਦੀ ਵਕਾਲਤ ਕੀਤੀ। ਇਸ ਦੀਆਂ ਮੰਗਾਂ ਬਸਤੀਵਾਦ ਨਾਲ ਰਲ ਮਿਲ ਕੇ ਹਿੰਦੁਸਤਾਨ ਦੀ ਲੁੱਟ ਵਿਚੋਂ ਹਿੱਸਾ ਲੈਣ ਦੀਆਂ ਮੰਗਾਂ ਸੀ।

ਅੰਗਰੇਜ਼ਾਂ ਤੋਂ ਸਹੂਲਤਾਂ ਲੈਣ ਵਿਚ ਦੇਸੀ ਹਾਕਮ ਟੋਲਾ ਆਪਸ ਵਿਚ ਇਕ ਦੂਜੇ ਨਾਲ ਹਿਰਸ ਅਤੇ ਮੁਕਾਬਲਾ ਕਰਦਾ ਸੀ ਇਸ ਲਈ ਹਾਕਮ ਟੋਲੇ ਦੇ ਇਕ ਧੜੇ ਨੇ ਆਪਣੀ ਵੱਖਰੀ ਸਿਆਸੀ ਪਾਰਟੀ ਮੁਸਲਮ ਲੀਗ ਬਣਾ ਲਈ। ਇਹ ਪਾਰਟੀ ਵੀ ਵਾਇਸਰਾਏ ਦੀ ਛਤਰ-ਛਾਇਆ ਹੇਠ ਹੀ ਕਾਇਮ ਹੋਈ ਸੀ। ਇਸ ਦਾ ਟੀਚਾ ਵੀ ਅੰਗ੍ਰੇਜ਼ ਕੋਲੋਂ ਸਹੂਲਤਾਂ ਲੈਣਾ ਅਤੇ ਲੁੱਟ ਵਿਚੋਂ ਆਪਣੇ ਲਈ ਵੱਧ ਤੋਂ ਵੱਧ ਹਿੱਸਾ ਮੰਗਣਾ ਸੀ। ਇਸ ਦੀ ਇਕ ਖ਼ਾਸੀਅਤ ਸੀ ਕਿ ਇਹ ਮੁਸਲਮਾਨ ਧਰਮ ਦੇ ਲੋਕਾਂ ਨੂੰ ਆਪਣੇ ਮੁਫ਼ਾਦ ਲਈ ਵਰਤ ਰਹੀ ਸੀ। ਅੰਗ੍ਰੇਜ਼ ਦੀ ਵਫ਼ਾਦਾਰੀ ਦਾ ਝੰਡਾ ਮੁਸਲਮ ਲੀਗ ਦਾ ਅਕੀਦਾ ਸੀ।

ਗਦਰ ਪਾਰਟੀ ਮਜ਼ਦੂਰਾਂ ਅਤੇ ਕਿਸਾਨਾਂ ਦੀ ਪਹਿਲੀ ਪਾਰਟੀ ਸੀ ਜਿਸ ਦਾ ਐਲਾਨੀਆ ਟੀਚਾ ਅੰਗ੍ਰੇਜ਼ ਨੂੰ ਹਿੰਦੁਸਤਾਨ ਚੋ ਬਾਹਰ ਕੱਢਣਾ ਅਤੇ ਪ੍ਰਜਾ ਰਾਜ ਦੀ ਸਥਾਪਨਾ ਕਰਨਾ ਸੀ। ਗਦਰ ਪਾਰਟੀਆਂ ਨੇ ਸਾਰੇ ਲੋਕਾਂ ਨੂੰ ਇਕ ਮੁੱਠ ਹੋਕੇ ਹਥਿਆਰਬੰਦ ਘੋਲ ਰਾਹੀਂ ਅੰਗ੍ਰੇਜ਼ੀ ਰਾਜ ਨੂੰ ਖ਼ਤਮ ਕਰਨ ਦਾ ਰਾਹ ਅਖ਼ਤਿਆਰ ਕੀਤਾ। 1925 ਵਿਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਆਜ਼ਾਦੀ ਅਤੇ ਸੋਸ਼ਲਿਜ਼ਮ ਦੇ ਟੀਚਿਆਂ ਵਾਸਤੇ ਕੀਤੀ ਗਈ। ਕਮਿਊਨਿਸਟ ਪਾਰਟੀ ਨੇ ਵੀ ਗਦਰ ਪਾਰਟੀ ਵਾਂਗ ਸਾਰੇ ਹੀ ਦਬੇ ਕੁਚਲੇ ਲੋਕਾਂ ਦੀ ਰਹਿਨੁਮਾਈ ਕਰਨ ਦਾ ਝੰਡਾ ਚੁਕਿਆ। ਇਸ ਕਰਕੇ ਕੁਝ ਸਾਲਾਂ ਬਾਅਦ ਗਦਰ ਪਾਰਟੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਈ।

ਇਨ੍ਹਾਂ ਸਾਰੀਆਂ ਹੀ ਪਾਰਟੀਆਂ ਦੀ ਸਥਾਪਨਾ ਅਤੇ ਅਮਲ ਨਵੇਂ ਹਾਲਾਤ ਅਤੇ ਨਵੇਂ ਰਿਸ਼ਤਿਆਂ ਦੀ ਹੀ ਝਲਕ ਸੀ। ਦੇਸੀ ਹਾਕਮ ਟੋਲਾ ਅੰਗਰੇਜ਼ਾਂ ਦਾ ਰਾਜ ਬਰਕਰਾਰ ਰਖਣਾ ਚਾਹੁੰਦਾ ਸੀ ਅਤੇ ਆਮ ਲੋਕ, ਮਜ਼ਦੂਰ, ਕਿਸਾਨ, ਕਰਮਚਾਰੀ ਇਸ ਰਾਜ ਦੀ ਕਬਰ ਪੁੱਟ ਰਹੇ ਸੀ। ਇਸ ਲਈ ਵੱਖ ਵੱਖ ਜਮਾਤਾਂ ਦੀਆਂ ਪਾਰਟੀਆਂ ਬਣ ਗਈਆਂ। ਪੰਜਾਬ ਵਿਚ ਬਣੀ ਅਕਾਲੀ ਪਾਰਟੀ ਤੇ ਯੂਨੀਅਨਿਸਟ ਪਾਰਟੀਆਂ ਵੀ ਹਾਕਮ ਟੋਲੇ ਦੀਆਂ ਪਾਰਟੀਆਂ ਹੀ ਸਨ। ਹਾਕਮ ਟੋਲੇ ਦੇ ਵੱਖ ਵੱਖ ਧੜਿਆਂ ਦੀ ਨੁਮਾਇੰਦਗੀ ਕਰਦੀਆਂ ਹੋਏ ਇਨ੍ਹਾਂ ਨੇ ਆਪਣੀਆਂ ਨੀਤੀਆਂ ਬਣਾਈਆਂ ਅਤੇ ਉਨ੍ਹਾਂ ਤੇ ਅਮਲ ਕੀਤਾ। ਅਕਾਲੀ ਪਾਰਟੀ ਨੇ ਧਰਮ ਨੂੰ ਵਰਤਿਆ ਅਤੇ ਯੂਨੀਅਨਿਸਟ ਪਾਰਟੀ ਨੇ ਸੈਕੂਲਰਿਜ਼ਮ ਦੇ ਦਾਅਵੇ ਕੀਤੇ।

1947 ਦੀ ਰਸਮੀ ਆਜ਼ਾਦੀ ਦੇ ਬਾਅਦ ਬਸਤੀਵਾਦੀਆਂ ਨੇ ਆਪਣੇ ਝੋਲੀਚੁਕ ਅਤੇ ਹਿੱਸੇਦਾਰ ਹਾਕਮ ਟੋਲੇ ਨੂੰ ਰਿਆਸਤ ਅਤੇ ਸਰਕਾਰ ਦੀ ਵਾਗ-ਡੋਰ ਸੰਭਾਲ ਦਿਤੀ। ਹਾਕਮ ਟੋਲੇ ਦੀਆਂ ਸਾਰੀਆਂ ਹੀ ਪਾਰਟੀਆਂ ਨੇ ਸਰਮਾਏਦਾਰੀ ਅਰਥਚਾਰਾ ਕਾਇਮ ਰੱਖਣ ਤੇ ਮਜ਼ਬੂਤ ਕਰਨ ਅਤੇ ਲਈ ਹੀ ਸਾਰੇ ਰਿਸ਼ਤੇ ਕਾਇਮ ਕੀਤੇ। ਮਿਸਾਲ ਦੇ ਤੌਰ ਤੇ ਹਾਕਮ ਟੋਲੇ ਨੂੰ ਵੱਡੀਆਂ ਫੈਕਟਰੀਆਂ, ਮਿੱਲਾਂ ਅਤੇ ਖਾਨਾਂ ਦੀ ਲੋੜ ਸੀ ਪਰ ਉਹ ਉਨ੍ਹਾਂ ਤੇ ਸਰਮਾਇਆ ਨਹੀਂ ਲਾਉਣਾ ਚਾਹੁੰਦੇ ਸੀ। ਉਨ੍ਹਾਂ ਨੇ ਰਿਆਸਤ ਅਤੇ ਸਰਕਾਰੀ ਅਦਾਰਿਆਂ ਨੂੰ ਇਹ ਸਭ ਬਣਾਉਣ ਲਈ ਵਰਤਿਆ ਤੇ ਕਾਂਗਰਸ ਨੇ ਇਹ ਸਾਰਾ ਕੰਮ

"ਸਮਾਜਵਾਦੀ ਨਕਸ਼ੇ" ਦੇ ਨਾ ਹੇਠ ਕੀਤਾ । ਇਸੇ ਤਰਾਂ ਹਾਕਮ ਟੋਲੇ ਨੂੰ ਪੜ੍ਹੇ ਲਿਖੇ ਕਰਮਚਾਰੀਆਂ ਅਤੇ ਅਫਸਰਾਂ ਦੀ ਲੋੜ ਸੀ ਇਸ ਲਈ ਸਰਕਾਰ ਨੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਕਾਇਮ ਕੀਤੀਆਂ।

ਮਜ਼ਦੂਰ, ਕਿਸਾਨਾਂ ਅਤੇ ਹੋਰਨਾਂ ਦਬੇ ਕੁਚਲੇ ਲੋਕਾਂ ਨੇ ਹਾਕਮ ਟੋਲੇ ਵਲੋਂ ਕਾਇਮ ਕੀਤੇ ਲੁੱਟ ਖਸੁੱਟ ਦੇ ਰਿਸ਼ਤਿਆਂ ਖ਼ਿਲਾਫ਼ ਅਤੇ ਉਨ੍ਹਾਂ ਦੀ ਰਿਆਸਤ, ਸਰਕਾਰ ਅਤੇ ਸਿਆਸੀ ਪਾਰਟੀਆਂ ਖ਼ਿਲਾਫ਼ ਇਨਕਲਾਬੀ ਜੱਦੋ-ਜਹਿਦ ਦਾ ਪਰਚਮ ਉਠਾਇਆ। ਇਹ ਲੋਕਾਂ ਦੀਆਂ ਨਵੀਂਆਂ ਸਾਂਝਾਂ ਦਾ ਹੀ ਨਤੀਜਾ ਹੈ ਜਿਹੜੀਆਂ ਕਿ ਆਰਥਕ, ਸਿਆਸੀ ਅਤੇ ਸਮਾਜੀ ਪੱਧਰ ਤੇ ਨਵੇਂ ਰਿਸ਼ਤਿਆਂ ਕਰਕੇ ਹੀ ਕਾਇਮ ਹੋਈਆਂ ਹਨ ਅਤੇ ਹੱਕਾਂ ਦੀ ਰਾਖੀ ਦੇ ਘੋਲ ਵਿਚ ਰਗੜੇ ਖਾ ਖਾ ਕੇ ਪੁਖ਼ਤਾ ਹੋ ਰਹੀਆਂ ਹਨ।

ਪਿਛਲੇ ਦੋ ਦਹਾਕਿਆਂ ਵਿਚ ਮੁਕਾਮੀ ਅਤੇ ਆਲਮੀ ਹਾਲਾਤ ਬਦਲਣ ਕਰਕੇ ਹਾਕਮ ਟੋਲੇ ਦੀਆਂ ਲੋੜਾਂ ਉਹ ਨਹੀਂ ਰਹੀਆਂ ਜੋ ਪਹਿਲਾਂ ਸੀ। ਆਪਣੇ ਮੁਨਾਫ਼ੇ ਹੋਰ ਵਧਾਉਣ ਲਈ ਉਨ੍ਹਾਂ ਨੂੰ ਪੁਰਾਣਾ ਬੰਦੋਬਸਤ ਬਦਲਨਾ ਪਿਆ ਹੈ। ਹੁਣ ਉਹ ਲਿਬਰਾਲੀਜ਼ੇਸ਼ਨ ਅਤੇ ਨਿੱਜੀਕਰਨ ਦੇ ਨਾਅਰੇ ਹੇਠ ਰਿਆਸਤ ਅਤੇ ਸਰਕਾਰ ਰਾਹੀਂ ਪੂਰੇ ਸਮਾਜ ਅਤੇ ਸਾਰੇ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਨੂੰ ਹੋਰਨਾਂ ਤਰੀਕਿਆਂ ਨਾਲ ਵਰਤਣਾ ਚਾਹੁੰਦੇ ਹਨ। ਇਸ ਲਈ ਹੁਣ ਇਨ੍ਹਾਂ ਦਾ ਨਵਾਂ ਮੰਤਰ ਡਿਵੈਲਪਮੈਂਟ ਹੈ। ਪਰ ਲੋਕ ਜਾਣਦੇ ਹਨ ਕਿ ਇਹ ਕਹਿੰਦੇ ਹੋਰ ਤੇ ਕਰਦੇ ਹੋਰ ਨੇ।

ਹਾਕਮ ਟੋਲੇ ਦੇ ਵੱਖ ਵੱਖ ਧੜੇ ਜੋ ਕਿ ਅਰਥਚਾਰੇ ਦੇ ਵੱਖ ਵੱਖ ਖੇਤਰਾਂ ਵਿਚ ਸਰਗਰਮ ਹਨ ਆਪਣੇ ਮੁਫ਼ਾਦਾਂ ਲਈ ਰਿਆਸਤ ਅਤੇ ਸਰਕਾਰ ਨੂੰ ਵਰਤਣਾ ਚਾਹੁੰਦੇ ਹਨ ਅਤੇ ਵਰਤ ਰਹੇ ਹਨ। ਮਿਸਾਲ ਦੇ ਤੌਰ ਤੇ ਆਈ ਟੀ ਦੇ ਖੇਤਰ ਵਿਚ ਸਰਗਰਮ ਸਰਮਾਏਦਾਰ ਆਈ ਟੀ ਲਈ ਲੋੜੀਂਦਾ ਬੁਨਿਆਦੀ ਢਾਂਚਾ ਬਣਾਉਣ ਲਈ ਰਾਜ ਤੰਤ੍ਰ ਅਤੇ ਸਰਕਾਰ ਨੂੰ ਵਰਤ ਰਹੇ ਹਨ। ਇਸੇ ਤਰਾਂ ਖਾਨਾਂ ਅਤੇ ਜੰਗਲਾਂ ਦੀ ਦੌਲਤ ਲੁੱਟਣ ਵਾਲਾ ਹਾਕਮ ਟੋਲਾ ਰਾਜ ਤੰਤ੍ਰ ਅਤੇ ਸਰਕਾਰ ਨੂੰ ਇਨ੍ਹਾਂ ਥਾਂਵਾਂ ਤੋਂ ਕਬਾਇਲੀ ਲੋਕਾਂ ਅਤੇ ਕਿਸਾਨਾਂ ਨੂੰ ਉਜਾੜਨ ਲਈ ਵਰਤ ਰਿਹਾ ਹੈ। ਕਾਂਗਰਸ, ਬੀ ਜੇ ਪੀ, ਸੀ ਪੀ ਆਈ (ਐਮ) ਤੇ ਹੋਰ, ਹਾਕਮ ਟੋਲੇ ਦੇ ਸੇਵਾਦਾਰ ਅਤੇ ਚੋਬਦਾਰ ਹਨ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਐਸ ਵੇਲੇ ਇਹ ਸਾਰੇ ਹੀ ਡਿਵੈਲਪਮੈਂਟ ਦੇ ਮੰਤਰ ਗਾ ਰਹੇ ਹਨ।

ਦੂਜੇ ਪਾਸੇ ਮਜ਼ਦੂਰ, ਕਿਸਾਨ, ਦਲਿਤ, ਔਰਤਾਂ ਅਤੇ ਨੌਜਵਾਨ, ਸਭ ਹਾਕਮ ਟੋਲੇ ਅਤੇ ਇਨ੍ਹਾਂ ਦੇ ਰਾਜ ਤੰਤ੍ਰ ਵਲੋਂ ਠੋਸੇ ਗਏ ਇਨ੍ਹਾਂ ਰਿਸ਼ਤਿਆਂ ਤੋਂ ਬੇਜ਼ਾਰ ਹਨ ਅਤੇ ਉਹ ਇਨ੍ਹਾਂ ਲੁੱਟ ਖਸੁੱਟ ਦੇ ਰਿਸ਼ਤਿਆਂ ਨੂੰ ਖ਼ਤਮ ਕਰਕੇ ਐਸੇ ਨਵੇਂ ਰਿਸ਼ਤੇ ਕਾਇਮ ਕਰਨਾ ਚਾਹੁੰਦੇ ਹਨ ਜੋ ਉਨ੍ਹਾਂ ਦੇ ਦੁਖਾਂ ਦਾ ਹੱਲ ਕਰ ਸਕਣ। ਉਹ ਇਨ੍ਹਾਂ ਰਿਸ਼ਤਿਆਂ ਨੂੰ ਤੋੜ ਕੇ ਸਭਨਾਂ ਦੇ ਸੁਖ ਅਤੇ ਰਾਖੀ ਦੇ ਰਿਸ਼ਤੇ ਕਾਇਮ ਕਰਨਾ ਚਾਹੁੰਦੇ ਹਨ। ਉਹ ਆਪਣੀਆਂ ਅਤੇ ਤਾਰੀਖ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਘੋਲ ਕਰ ਰਹੇ ਹਨ।

ਤਾਰੀਖ਼ ਹੁਣ ਉਸ ਮੁਕਾਮ ਤੇ ਪਹੁੰਚ ਚੁੱਕੀ ਹੈ ਜਿੱਥੇ ਲੋਕਾਂ ਨੂੰ ਕਿਸੇ ਵੀ ਪਾਰਟੀ ਨੂੰ ਵਿਚੋਲਾ ਬਣਾਏ ਬਗੈਰ ਆਪ ਹਾਕਮ ਬਣਨ ਦੀ ਲੋੜ ਹੈ। ਹਾਕਮ ਟੋਲਾ ਅਤੇ ਉਨ੍ਹਾਂ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਇਸ ਲੋੜ ਨੂੰ ਤਸਲੀਮ ਕਰਨ ਤੋਂ ਮੁਨਕਰ ਹਨ ਕਿਉਂਕਿ ਪਾਰਟੀਆਂ ਰਾਹੀਂ ਰਾਜ ਕਰਨ ਦੀ ਪ੍ਰਣਾਲੀ ਉਨ੍ਹਾਂ ਦੇ ਬਹੁਤ ਸੂਤ ਬੈਠੀ ਹੈ। ਇਸ ਲਈ ਉਹ ਵਾਅਦੇ ਤਾਂ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਕਰਦੀਆਂ ਹਨ ਪਰ ਕੰਮ ਹਾਕਮ ਟੋਲੇ ਦੇ ਪੱਖ ਦਾ ਹੀ ਕਰਦੀਆਂ ਹਨ। ਪਰ ਇਹ ਹੁਣ ਬਹੁਤਾ ਚਿਰ ਨਹੀਂ ਚਲ ਸਕਦਾ। ਸਮਾਂ ਇਨ੍ਹਾਂ ਨੂੰ ਪਿੱਛੇ ਛੱਡ ਗਿਆ ਹੈ। ਸਮੇਂ ਦੀ ਲੋੜ ਨਾਲ ਇਹ ਮੇਲ ਨਹੀਂ ਖਾਂਦੀਆਂ। ਕੁਝ ਲੋਕ-ਪੱਖੀ ਸਿਆਸੀ ਪਾਰਟੀਆਂ ਵੀ ਇਸ ਤਾਰੀਖ਼ੀ ਲੋੜ ਨੂੰ ਅਜੇ ਨਹੀਂ ਪਹਿਚਾਣ ਰਹੀਆਂ।

ਪੰਜਾਬ ਦਾ ਪਿਛਲੇ ਸੌ ਸਾਲ ਦਾ ਤਜਰਬਾ ਅਤੇ ਦੁਨੀਆ ਦੇ ਹੋਰਨਾਂ ਮੁਲਕਾਂ ਦੇ ਕਈ ਸੌ ਸਾਲਾਂ ਦਾ ਤਜਰਬਾ ਹੁਣ ਦੱਸਦਾ ਹੈ ਕਿ ਨਵੇਂ ਹਾਲਾਤ ਨੇ ਲੋਕਾਂ ਦਾ ਸਿੱਧੇ ਆਪ ਹਾਕਮ ਬਣਨਾ ਲਾਜ਼ਮੀ ਕਰ ਦਿਤਾ ਹੈ। ਉਹ ਕਿਸੇ ਵੀ ਸਿਆਸੀ ਪਾਰਟੀ ਨੂੰ ਵਿਚੋਲਾ ਬਣਾ ਕੇ ਆਪਣੇ ਮਸਲੇ ਹੱਲ ਨਹੀਂ ਕਰ ਸਕਦੇ। ਜ਼ਾਹਰ ਅਤੇ ਬਾਤਨ, ਬਾਹਰਮੁਖੀ ਅਤੇ ਅੰਤਰਮੁਖੀ ਹਾਲਾਤ ਇਸ ਲਈ ਤਿਆਰ ਹੋ ਚੁੱਕੇ ਹਨ।